ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ

## ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225 ਈ-227 ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com

ਸੇਵਾ ਵਿਖੇ,

ਜ਼ਿਲ੍ਹਾ ਸਿੱਖਿਆ ਅਫ਼ਸਰ, (ਸੈ.ਸਿੰ./ਐ.ਸਿੰ) (ਅਤਿ-ਜ਼ਰੂਰੀ)

ਬਠਿੰਡਾ।

ਪੱਤਰ ਨੰ. ੫੧੦ ਮਿਤੀ, ਬਠਿੰਡਾ 12/10/26

ਵਿਸ਼ਾ- ਪੰਜਾਬੀ ਨਾਟਕ ਮੁਕਾਬਲੇ (ਡਵੀਜ਼ਨ ਪੱਧਰੀ) ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਜੀ ਦੇ ਪਿੱ ਨੰ. ਪੰ.ਵਿ.2026/7585 ਮਿਤੀ, 12.10.2026 ਰਾਹੀਂ ਅਕਤੂਬਰ ਮਹੀਨੇ ਵਿੱਚ ਪੰਜਾਬੀ ਨਾਟਕ ਮੁਕਾਬਲੇ (ਡਵੀਜ਼ਨ ਪੱਧਰੀ) ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਲਈ ਪ੍ਰਵਾਨਤ ਨਿਯਮ ਅਤੇ ਐਂਟਰੀ ਫਾਰਮ ਇਸ ਪੱਤਰ ਸਹਿਤ ਨੱਥੀ ਕਰਕੇ ਲਿਖਿਆ ਜਾਂਦਾ ਹੈ ਕਿ ਨਾਟਕ ਮੁਕਾਬਲਿਆਂ ਲਈ ਸਕੂਲਾਂ ਨੂੰ ਸੂਚਿਤ ਕਰਕੇ ਐਂਟਰੀਆਂ ਮਿਤੀ 15.10.2026 ਤੱਕ ਇਸ ਦਫ਼ਤਰ ਦੀ ਈ-ਮੇਲ dlobathinda520@gmail.com 'ਤੇ ਹਰ ਹਾਲ ਵਿੱਚ ਭੇਜਣ ਲਈ ਲਿਖ ਦਿੱਤਾ ਜਾਵੇ। ਮੁਕਾਬਲਿਆਂ ਦੀ ਮਿਤੀ ਅਤੇ ਸਥਾਨ ਬਾਰੇ ਸਬੰਧਿਤ ਸਕੂਲਾਂ ਨੂੰ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ।

ਧੰਨਵਾਦ ਸਹਿਤ

ਜ਼ਿਲ੍ਹਾ ਭਾਸ਼ਾ ਅਫ਼ਸਰ

ਬਠਿੰਡਾ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਮਿਤੀ : 13-10-26

ਪਿਠ ਅੰਕਣ ਨੰ ਜੀ-1/1 ( )2026/ 5089

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

13/10/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ ।

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਪੰਜਾਬੀ ਨਾਟਕ ਮੁਕਾਬਲੇ ਦੇ ਨਿਯਮ

ਭਾਸ਼ਾ ਵਿਭਾਗ, ਪੰਜਾਬ ਵੱਲੋਂ ਕਰਵਾਏ ਜਾਂਦੇ ਡਵੀਜਨ ਅਤੇ ਰਾਜ ਪੱਧਰੀ ਪੰਜਾਬੀ ਨਾਟਕ ਮੁਕਾਬਲੇ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ:

1. ਪਹਿਲੇ ਪੜਾਅ ਦੇ ਮੁਕਾਬਲੇ ਡਵੀਜਨ ਪੱਧਰ ਤੇ ਕਰਵਾਏ ਜਾਣਗੇ ਅਤੇ ਬਾਅਦ ਵਿੱਚ ਰਾਜ ਪੱਧਰ ਤੇ ਇਹ ਮੁਕਾਬਲੇ ਹੋਣਗੇ। ਡਵੀਜ਼ਨ ਪੱਧਰ ਦੇ ਮੁਕਾਬਲੇ ਵਿੱਚ ਕੇਵਲ ਸਬੰਧਤ ਡਵੀਜ਼ਨ ਦੇ ਸਕੂਲਾਂ ਦੇ ਵਿਦਿਆਰਥੀਆਂ 'ਤੇ ਆਧਾਰਿਤ ਸਕੂਲਾਂ ਦੀਆਂ ਟੀਮਾਂ ਹੀ ਭਾਗ ਲੈ ਸਕਣਗੀਆਂ। ਪਰ ਬੈਕਗ੍ਰਾਊਂਡ ਵਿੱਚ ਕਾਰਜ ਕਰਨ ਵਾਲਿਆਂ ਤੇ ਇਹ ਪਾਬੰਦੀ ਲਾਗੂ ਨਹੀਂ ਹੋਵੇਗੀ। ਬਿਨੈ ਪੱਤਰ ਸਬੰਧਤ ਸਕੂਲ ਦੇ ਪ੍ਰਿੰਸੀਪਲ/ਹੈਡਮਾਸਟਰ/ਹੈਡਮਿਸਟ੍ਰੈਸ ਰਾਹੀਂ ਭੇਜੇ ਜਾਣ। ਇਸ ਮੰਤਵ ਲਈ ਚੰਡੀਗੜ੍ਹ ਨੂੰ ਪਟਿਆਲਾ ਡਵੀਜ਼ਨ ਵਿੱਚ ਸ਼ਾਮਲ ਸਮਝਿਆ ਜਾਵੇਗਾ।
2. ਡਵੀਜ਼ਨ ਪੱਧਰ ਦੇ ਨਾਟਕ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਆਉਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 5100/- 3100/- ਅਤੇ 2100/- ਰੁਪਏ ਦੇ ਇਨਾਮ ਦਿੱਤੇ ਜਾਣਗੇ। ਸਰਵੋਤਮ ਅਦਾਕਾਰ/ਅਦਾਕਾਰਾ ਤੇ ਸਰਵੋਤਮ ਨਿਰਦੇਸ਼ਕ ਨੂੰ 2100/- ਰੁਪਏ ਦਾ ਇਨਾਮ ਦਿੱਤਾ ਜਾਵੇਗਾ।
3. ਰਾਜ ਪੱਧਰ ਦੇ ਮੁਕਾਬਲੇ ਵਿੱਚ ਹਰੇਕ ਡਵੀਜ਼ਨ ਵਿੱਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਹੀ ਹਿੱਸਾ ਲੈ ਸਕੇਗੀ। ਇਸ ਮੁਕਾਬਲੇ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹਿਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 11,000/- 7500/- ਅਤੇ 5100/-ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਸਰਵੋਤਮ ਅਦਾਕਾਰ/ਅਦਾਕਾਰਾ ਅਤੇ ਨਿਰਦੇਸ਼ਕ ਨੂੰ 3100/-ਰੁਪਏ ਦਾ ਇਨਾਮ ਦਿੱਤਾ ਜਾਵੇਗਾ।
4. ਨਾਟਕ ਪੁਸਤਕ ਰੂਪ ਵਿੱਚ ਛਪਿਆ ਹੋਣਾ ਚਾਹੀਦਾ ਹੈ ਜਾਂ ਉਸ ਦੀ ਸਕ੍ਰਿਪਟ ਦੀ ਕਾਪੀ ਦਿੱਤੀ ਜਾਵੇ।
5. ਖੇਡਿਆ ਜਾਣ ਵਾਲਾ ਨਾਟਕ 30 ਤੋਂ 60 ਮਿੰਟ ਦਾ ਹੋਣਾ ਚਾਹੀਦਾ ਹੈ।
6. ਵਿਭਾਗ ਵੱਲੋਂ ਰੋਸ਼ਨੀ ਅਤੇ ਆਵਾਜ਼ ਦਾ ਪ੍ਰਬੰਧ ਕੀਤਾ ਜਾਵੇਗਾ। ਸੈਟਿੰਗ ਆਦਿ ਵਾਸਤੇ ਸਾਰਾ ਸਮਾਨ ਨਾਟਕ ਟੀਮ ਖੁਦ ਲਿਆਵੇਗੀ ਜਿਸ ਲਈ ਕੋਈ ਹੋਰ ਅਦਾਇਗੀ ਨਹੀਂ ਕੀਤੀ ਜਾਵੇਗੀ।
7. ਭਾਗ ਲੈਣ ਵਾਲੀਆਂ ਟੀਮਾਂ ਨੂੰ ਕੋਈ ਸਫਰ ਭੱਤਾ ਜਾਂ ਕੋਈ ਹੋਰ ਖਰਚ ਨਹੀਂ ਦਿੱਤਾ ਜਾਵੇਗਾ।
8. ਮੁਕਾਬਲੇ ਲਈ ਲੋਕਲ ਟੀਮ, ਜ਼ਿਲ੍ਹਾ ਟੀਮ ਅਤੇ ਜ਼ਿਲ੍ਹੇ ਤੋਂ ਬਾਹਰ ਦੀਆਂ ਟੀਮਾਂ ਨੂੰ ਸ਼ਮੂਲੀਅਤ ਲਈ ਮਾਣਭੱਤਾ (ਐਂਟਰੀਆਂ ਦੀ ਗਿਣਤੀ ਦੇ ਆਧਾਰ 'ਤੇ) ਦਿੱਤਾ ਜਾਵੇਗਾ।
9. ਐਂਟਰੀ ਨਿਸ਼ਚਿਤ ਫਾਰਮ ਉੱਤੇ ਸਮੇਂ ਸਿਰ ਲੋੜੀਂਦੇ ਵੇਰਵਿਆਂ ਸਰਟੀਫਿਕੇਟਾਂ ਸਹਿਤ ਸਬੰਧਤ ਡਵੀਜਨ ਦੇ ਜ਼ਿਲ੍ਹਾ ਭਾਸ਼ਾ ਅਫਸਰ ਨੂੰ ਭੇਜੀ ਜਾਵੇ। ਅਧੂਰਾ ਫਾਰਮ ਅਪ੍ਰਵਾਨ ਸਮਝਿਆ ਜਾਵੇਗਾ।
10. ਐਂਟਰੀ ਫਾਰਮ ਦਫ਼ਤਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਤੋਂ ਜਾਂ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫਸਰ ਤੋਂ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ।
11. ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ ਜੇਕਰ ਜੱਜ ਇਹ ਸਮਝਣ ਕਿ ਉਪਰੋਕਤ ਇਨਾਮਾਂ ਲਈ ਕੋਈ ਵੀ ਟੀਮ ਯੋਗ ਨਹੀਂ ਤਾਂ ਇਸ ਬਾਰੇ ਕਿਸੇ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।
12. ਜੇਕਰ ਕਿਸੇ ਮੁਕਾਬਲੇ ਵਾਸਤੇ ਇੱਕੋ ਨਾਟਕ ਦੀ ਐਂਟਰੀ ਇਕ ਤੋਂ ਵੱਧ ਟੀਮਾਂ ਪਾਸੋਂ ਪ੍ਰਾਪਤ ਹੋਈ ਹੋਵੇ ਤਾਂ ਕੇਵਲ ਪਹਿਲਾਂ ਪ੍ਰਾਪਤ ਹੋਈ ਐਂਟਰੀ ਪ੍ਰਵਾਨ ਸਮਝੀ ਜਾਵੇਗੀ ਤੇ ਦੂਜੀਆਂ ਟੀਮਾਂ ਲਈ ਕਿਸੇ ਹੋਰ ਨਾਟਕ ਦੀ ਚੋਣ ਕਰਨੀ ਜ਼ਰੂਰੀ ਹੋਵੇਗੀ। ਇਸ ਕਾਰਨ ਐਂਟਰੀ ਭੇਜਣ ਦੀ ਮਿਤੀ ਫਾਰਮ ਪ੍ਰਾਪਤ ਕਰਨ ਦੀ ਮਿਤੀ ਸਮਝੀ ਜਾਵੇਗੀ।
13. ਖੇਡੇ ਜਾਣ ਵਾਲੇ ਨਾਟਕ ਵਿੱਚ ਧਰਮ, ਰਾਜਨੀਤੀ ਤੇ ਸਦਾਚਾਰ ਦੇ ਪੱਖੋਂ ਕੋਈ ਵੀ ਇਤਰਾਜ਼ਯੋਗ ਗੱਲ ਨਹੀਂ ਹੋਣੀ ਚਾਹੀਦੀ।

ਨਾਟਕ ਦੇ ਨਿਰਣੇ ਲਈ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:

| ਨਾਟਕ ਦੀ ਮੰਚ ਅਨੁਕੂਲਤਾ | ਮੇਕਅਪ ਤੇ ਪਹਿਰਾਵਾ | ਅਦਾਕਾਰੀ | ਨਿਰਦੇਸ਼ਨ | ਸਮੁੱਚਾ ਪ੍ਰਭਾਵ | ਕੁੱਲ ਅੰਕ |
|---|---|---|---|---|---|
| 10 | 10 | 20 | 30 | 30 | 100 |

ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਨੂੰ ਇਨ੍ਹਾਂ ਨਿਯਮਾਂ ਵਿੱਚ ਕਿਸੇ ਸਮੇਂ ਕੋਈ ਵੀ ਤਬਦੀਲੀ ਕਰਨ ਦਾ ਅਧਿਕਾਰ ਹੋਵੇਗਾ।

ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਪੰਜਾਬੀ ਨਾਟਕ ਮੁਕਾਬਲੇ ਬਿਨੈ-ਪੱਤਰ ਫਾਰਮ

1. ਸਕੂਲ (ਟੀਮ) ਦਾ ਨਾਮ..............................................................................................................

2. ਜ਼ਿਲ੍ਹਾ.............................................................................ਡਵੀਜ਼ਨ...................................................

3. ਖੇਡੇ ਜਾਣ ਵਾਲੇ ਨਾਟਕ ਦਾ ਨਾਮ.................................................................................................

4. ਖੇਡਿਆ ਜਾਣ ਵਾਲਾ ਨਾਟਕ ਕਿਸੇ ਪੁਸਤਕ/ਅਖਬਾਰ/ਰਸਾਲੇ ਵਿੱਚ ਛਪਿਆ ਹੈ ਜਾਂ ਨਹੀਂ (ਤਾਂ ਨਾਮ/ਮਿਤੀ).........................

   (ਜੇਕਰ ਨਹੀਂ ਛਪਿਆ ਤਾਂ ਸਕ੍ਰਿਪਟ ਦੀ ਕਾਪੀ ਜਮ੍ਹਾ ਕਰਵਾਈ ਜਾਵੇ)

5. ਨਾਟਕ ਟੀਮ ਦੇ ਮੈਂਬਰਾਂ ਦੀ ਗਿਣਤੀ (ਵੱਧ ਤੋਂ ਵੱਧ 12 ਹੋਣੀ ਚਾਹੀਦੀ ਹੈ)..................................................

5. ਨਾਟਕ ਦੇ ਨਿਰਦੇਸ਼ਕ ਦਾ ਨਾਮ....................................................................................................

ਤਸਦੀਕ ਕੀਤਾਂ ਜਾਂਦਾ ਹੈ ਕਿ:-

(ੳ) ਖੇਡੇ ਜਾਣ ਵਾਲੇ ਨਾਟਕ ਵਿਚ ਧਰਮ, ਰਾਜਨੀਤੀ, ਸਰਕਾਰ ਤੇ ਸਦਾਚਾਰ ਦੇ ਪੱਖੋਂ ਕੋਈ ਵੀ ਇਤਰਾਜਯੋਗ ਗੱਲ ਨਹੀਂ ਹੈ।

(ਅ) ਬਿਨੈਕਾਰ ਸੰਸਥਾ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ ਉਪਰੋਕਤ ਨਾਟਕ ਮੁਕਾਬਲਿਆਂ ਵਿਚ ਪਿਛਲੇ ਸਾਲ/ਪਿਛਲੇ ਸਾਲਾਂ ਦੇ ਦੌਰਾਨ ਇਹ ਹੀ ਨਾਟਕ ਖੇਡ ਕੇ ਇਨਾਮ ਪ੍ਰਾਪਤ ਨਹੀਂ ਕੀਤਾ ।

(ੲ) ਮੈਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ ਜਾਰੀ ਕੀਤੇ ਗਏ ਨਿਯਮ ਅਤੇ ਜੱਜਾਂ ਦਾ ਫੈਸਲਾ ਪ੍ਰਵਾਨ ਹੋਵੇਗਾ ।

(ਹ) ਇਸ ਨਾਟਕ ਮੁਕਾਬਲੇ ਬਾਰੇ ਭਾਸ਼ਾ ਵਿਭਾਗ, ਪੰਜਾਬ ਦੁਆਰਾ ਨਿਸ਼ਚਿਤ ਨਿਯਮ ਪੜ੍ਹ ਲਏ ਹਨ ਤੇ ਸਾਰੀ ਨਾਟਕ ਟੀਮ ਇਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੇਗੀ ।

ਬਿਨੈਕਾਰ ਸੰਸਥਾ ਦੇ ਮੁਖੀ ਦੇ ਹਸਤਾਖਰ ਤੇ ਮੋਹਰ..............................

ਸਕੂਲ ਦਾ ਨਾਂ..................................................................

ਪੂਰਾ ਪਤਾ ....................................................................

ਫੋਨ ਤੇ ਈ-ਮੇਲ..............................................................

ਮਿਤੀ....................................